PGT Public Guardian and Trustee of British Columbia

ਅਡੱਲਟ ਗਾਰਡੀਅਨਸ਼ਿਪ

# ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ

ਜਦੋਂ ਕਿਸੇ ਕਮਜ਼ੋਰ ਬਾਲਗ ਨਾਲ ਸੰਭਵ ਬੁਰਾ ਵਰਤਾਉ, ਅਣਗਿਹਲੀ ਜਾਂ ਸਵੈ-ਅਣਗਿਹਲੀ ਬਾਰੇ ਕੋਈ ਫਿਕਰ ਹੋਣ ਤਾਂ ਬ੍ਰਿਟਿਸ਼ ਕੋਲੰਬੀਆ ਦਾ ਕਾਨੂੰਨ, ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਅਤੇ ਨਿਯਤ ਕੀਤੀਆਂ ਗਈਆਂ ਏਜੰਸੀਆਂ (ਹੈਲਥ ਅਥਾਰਟੀਜ਼ ਅਤੇ ਕਮਿਊਨਟੀ ਲਿਵਿੰਗ ਬੀ ਸੀ) ਨੂੰ ਕਾਰਵਾਈ ਕਰਨ ਦਾ ਅਧਿਕਾਰ ਦਿੰਦਾ ਹੈ।

ਪੀ ਜੀ ਟੀ, ਕਮਜ਼ੋਰ ਬਾਲਗਾਂ ਨੂੰ ਵੱਖ ਵੱਖ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਆਪਣੀ ਦਿਮਾਗੀ ਅਸਮਰੱਥਾ ਕਰਕੇ ਆਪਣੇ ਨਿੱਜੀ, ਵਿੱਤੀ ਜਾਂ ਕਾਨੂੰਨੀ ਮਾਮਲਿਆਂ ਨੂੰ ਸਾਂਭਣ, ਇਨ੍ਹਾਂ ਦੀ ਰੱਖਿਆ ਅਤੇ ਫੈਸਲੇ ਕਰਨ ਵਿਚ ਮਦਦ ਦੀ ਲੋੜ ਹੋ ਸਕਦੀ ਹੈ।

ਪੀ ਜੀ ਟੀ ਦੀ ਸ਼ਮੂਲੀਅਤ ਨਾਲ ਸੰਬੰਧਿਤ ਬਹੁਤੀਆਂ ਹਾਲਤਾਂ ਵਿੱਤੀ ਮਾਮਲਿਆਂ ਬਾਰੇ ਹੁੰਦੀਆਂ ਹਨ।

## ਕਮਜ਼ੋਰ ਬਾਲਗਾਂ ਬਾਰੇ ਫਿਕਰਾਂ ਦਾ ਪੀ ਜੀ ਟੀ ਕਿਵੇਂ ਜਵਾਬ ਦਿੰਦਾ ਹੈ?

- ਸੀਂ ਬਾਲਗ ਦੀ ਮਦਦ ਲਈ ਉਪਲਬਧ ਚੋਣਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ;
- ਬੁਰੇ ਵਰਤਾਉ, ਅਣਗਿਹਲੀ ਜਾਂ ਸਵੈ-ਅਣਗਿਹਲੀ ਵਾਲੀਆਂ ਖਤਰੇ ਦੀਆਂ ਗੁੰਝਲਦਾਰ ਹਾਲਤਾਂ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ; ਅਤੇ
- ਅਸੀਂ ਇਹ ਫੈਸਲਾ ਕਰ ਸਕਦੇ ਹਾਂ ਕਿ ਕੀ ਹੋਰ ਪੜਤਾਲ ਕਰਨ ਦੀ ਲੋੜ ਹੈ।

## ਕੋਈ ਪੜਤਾਲ ਕਦੋਂ ਸ਼ੁਰੂ ਕੀਤੀ ਜਾਂਦੀ ਹੈ?

- ਜਦੋਂ ਇਹ ਫਿਕਰ ਹੋਵੇ ਕਿ ਕੋਈ ਬਾਲਗ (ਅਡੱਲਟ) ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਦਿਮਾਗੀ ਤੌਰ 'ਤੇ ਅਸਮਰੱਥ ਹੋ ਸਕਦਾ ਹੈ;
- ਜਦੋਂ ਕੋਈ ਖਾਸ, ਮਹੱਤਵਪੂਰਨ ਜਾਂ ਫੌਰੀ ਲੋੜ ਹੋਵੇ; ਅਤੇ
- ਜਦੋਂ ਕਿਸੇ ਹੋਰ ਢੁਕਵੇਂ ਵਿਅਕਤੀ (ਪਰਿਵਾਰ ਜਾਂ ਦੋਸਤ) ਕੋਲ ਅਧਿਕਾਰ ਨਾ ਹੋਵੇ ਜਾਂ ਬਾਲਗ ਦੀ ਤਰਫੋਂ ਕਾਰਵਾਈ ਕਰਨ ਦਾ ਖਾਹਸ਼ਮੰਦ ਅਤੇ ਯੋਗ ਨਾ ਹੋਵੇ।

ਜੇ ਹੋਰ ਪੜਤਾਲ ਦੀ ਲੋੜ ਨਾ ਹੋਵੇ ਤਾਂ ਪੀ ਜੀ ਟੀ ਉਸ ਵਿਅਕਤੀ ਨੂੰ ਸੂਚਨਾ ਦੇਵੇਗਾ ਜਿਸ ਨੇ ਫਿਕਰ ਬਾਰੇ ਰਿਪੋਰਟ ਕੀਤੀ ਸੀ।

*ਹਰ ਸਾਲ ਪੀ ਜੀ ਟੀ ਨੂੰ ਲੋਕਾਂ ਤੋਂ 1,000 ਨਾਲੋਂ ਜ਼ਿਆਦਾ ਰਿਪੋਰਟਾਂ ਮਿਲਦੀਆਂ ਹਨ ਜੋ ਕਿਸੇ ਕਮਜ਼ੋਰ ਬਾਲਗ ਬਾਰੇ ਫਿਕਰਮੰਦ ਹੁੰਦੇ ਹਨ। ਬਹੁਗਿਣਤੀ ਦਾ ਨਤੀਜਾ ਗੈਰਰਸਮੀ ਹੱਲਾਂ ਵਿਚ ਨਿਕਲਦਾ ਹੈ ਜਿਵੇਂ ਕਿ ਦੋਸਤ ਜਾਂ ਪਰਿਵਾਰ ਜਿਹੜੇ ਮਦਦ ਕਰ ਸਕਦੇ ਹਨ।*

## ਪੜਤਾਲ ਕਿਉਂ ਕਰਨੀ ਹੈ?

- ਇਹ ਦੇਖਣ ਲਈ ਕਿ ਕੀ ਪਹਿਲਾਂ ਹੀ ਮੌਜੂਦ ਬਦਲਵੇਂ ਫੈਸਲੇ ਕਰਨ ਵਾਲਾ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕਰ ਰਿਹਾ ਹੈ;
- ਇਹ ਦੇਖਣ ਲਈ ਕਿ ਕੀ ਬਾਲਗ ਦੇ ਵਿੱਤੀ ਮਾਲਿਆਂ ਦੀ ਰੱਖਿਆ ਅਤੇ ਪ੍ਰਬੰਧ ਕਰਨ ਲਈ ਢੰਗ ਲਾਗੂ ਕੀਤੇ ਜਾ ਸਕਦੇ ਹਨ; ਅਤੇ
- ਇਹ ਦੇਖਣ ਲਈ ਕਿ ਕੀ ਬਾਲਗ ਨੂੰ ਇੰਨੇ ਕੁ ਗੰਭੀਰ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਲਈ ਬਦਲਵੇਂ ਫੈਸਲੇ ਕਰਨ ਵਾਲਾ ਵਿਅਕਤੀ ਨਿਯੁਕਤ ਕਰਨ ਦੀ ਲੋੜ ਪਵੇਗੀ।

## ਪੀ ਜੀ ਟੀ ਪੜਤਾਲ ਵਿਚ ਕੀ ਕਰਦਾ ਹੈ?

ਪੀ ਜੀ ਟੀ ਦੀ ਪੜਤਾਲ ਦਾ ਮੰਤਵ ਇਹ ਪਤਾ ਲਾਉਣਾ ਹੈ ਕਿ ਕੀ ਬਾਲਗ ਨੂੰ ਮਦਦ ਦੀ ਲੋੜ ਹੈ ਅਤੇ ਕਿਸ ਤਰ੍ਹਾਂ ਦੀ ਮਦਦ ਦੀ ਲੋੜ ਹੈ।

ਧਿਆਨ ਸਦਾ ਘੱਟ ਤੋਂ ਘੱਟ ਦਖਲ ਦੇਣ ਵੱਲ ਪਰ ਸਭ ਤੋਂ ਅਸਰਦਾਰ ਚੋਣ ਵੱਲ ਹੁੰਦਾ ਹੈ।

ਜੇ ਲੋੜ ਹੋਵੇ ਤਾਂ ਪੀ ਜੀ ਟੀ ਨੂੰ ਬਾਲਗ ਦੀ ਆਪਣੇ ਨਿੱਜੀ, ਕਾਨੂੰਨੀ ਅਤੇ ਵਿੱਤੀ ਮਾਮਲਿਆਂ ਨੂੰ ਸਾਂਭਣ ਦੀ ਸਮਰੱਥਾ ਬਾਰੇ ਢੁਕਵੀਂ ਜਾਣਕਾਰੀ ਇਕੱਠੀ ਕਰਨ ਦਾ ਅਧਿਕਾਰ ਹੈ। ਪੜਤਾਲ ਦਾ ਘੇਰਾ ਕਈ ਪੱਖਾਂ 'ਤੇ ਨਿਰਭਰ ਕਰਦਾ ਹੈ ਜਿਸ ਵਿਚ ਖਤਰਾ, ਲੋੜ ਅਤੇ ਹਰ ਹਾਲਤ ਦੇ ਹਾਲਾਤ ਸ਼ਾਮਲ ਹਨ।

- ਅਸੀਂ ਦੱਸਣ ਵਾਲੀ ਧਿਰ ਅਤੇ ਬਾਲਗ ਦੇ ਹੋਰ ਨੇੜਲੇ ਲੋਕਾਂ ਨਾਲ ਸਲਾਹ ਕਰਾਂਗੇ;
- ਅਸੀਂ ਇਹ ਪਤਾ ਲਾਵਾਂਗੇ ਕਿ ਕੀ ਜਾਇਦਾਦ ਨੂੰ ਖਤਰਾ ਹੈ, ਅਤੇ ਜੇ ਹੋਵੇ ਤਾਂ ਇਸ ਨੂੰ ਬਚਾਉਣ ਲਈ ਚੋਣਾਂ 'ਤੇ ਵਿਚਾਰ ਕਰਾਂਗੇ;
- ਅਸੀਂ ਇਹ ਦੇਖਾਂਗੇ ਕਿ ਕੀ ਬਾਲਗ ਦੀ ਜ਼ਿੰਦਗੀ ਵਿਚ ਹੋਰ ਲੋਕ ਹਨ ਜਿਹੜੇ ਮਦਦ ਕਰ ਸਕਦੇ ਹਨ;
- ਅਸੀਂ ਬਦਲਵੇਂ ਫੈਸਲੇ ਕਰਨ ਵਾਲੇ ਨੂੰ ਇਹ ਕਹਿ ਸਕਦੇ ਹਾਂ ਕਿ ਉਹ ਇਹ ਦਿਖਾਏ ਕਿ ਬਾਲਗ ਦੀ ਜਾਇਦਾਦ, ਆਮਦਨ ਅਤੇ ਖਰਚਿਆਂ ਦਾ ਪ੍ਰਬੰਧ ਕਿਵੇਂ ਚਲਾਇਆ ਜਾ ਰਿਹਾ ਹੈ;
- ਅਸੀਂ ਬਾਲਗ ਦੀ ਵਿੱਤੀ ਹਾਲਤ ਬਾਰੇ ਜਾਣਕਾਰੀ ਮੰਗ ਸਕਦੇ ਹਾਂ ਜਿਸ ਵਿਚ ਬੈਂਕ ਜਾਂ ਇਨਵੈਸਟਮੈਂਟ ਸਲਾਹਕਾਰ ਤੋਂ ਸਟੇਟਮੈਂਟਾਂ ਵੀ ਸ਼ਾਮਲ ਹਨ;
- ਅਸੀਂ ਨਿਯੁਕਤ ਹੈਲਥ ਅਥਾਰਟੀਜ਼ ਨਾਲ ਸਲਾਹ-ਮਸ਼ਵਰਾ ਕਰ ਸਕਦੇ ਹਾਂ;
- ਅਸੀਂ ਬਾਲਗ ਦੇ ਡਾਕਟਰ ਜਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਤੋਂ ਇਸ ਚੀਜ਼ ਬਾਰੇ ਜਾਣਕਾਰੀ ਜਾਂ ਅਸੈੱਸਮੈਂਟ ਮੰਗ ਸਕਦੇ ਹਾਂ ਕਿ ਕੀ ਉਹ ਆਪਣੇ ਮਾਮਲੇ ਚੁੱਕਣ ਦੇ ਅਸਮਰੱਥ ਹੈ।

## ਬਾਲਗ ਨੂੰ ਕਿਵੇਂ ਸ਼ਾਮਲ ਕੀਤਾ ਜਾਂਦਾ ਹੈ?

- ਬਾਲਗ ਨੂੰ ਪੜਤਾਲ ਬਾਰੇ ਦੱਸਿਆ ਜਾਵੇਗਾ ਅਤੇ ਚੋਣਾਂ ਬਾਰੇ ਉਸ ਨਾਲ ਸਲਾਹ ਕੀਤੀ ਜਾਵੇਗੀ;
- ਬਾਲਗ ਉਨ੍ਹਾਂ ਲੋਕਾਂ ਦੀ ਪਛਾਣ ਕਰ ਸਕਦਾ ਹੈ ਜਿਹੜੇ ਮਦਦ ਕਰ ਸਕਦੇ ਹਨ;
- ਬਾਲਗ ਆਪਣੇ ਮਾਮਲੇ ਚਲਾਉਣ ਬਾਰੇ ਸੁਝਾਅ ਦੇ ਸਕਦਾ ਹੈ।

## *ਅਡੱਲਟ ਗਾਰਡੀਅਨਸ਼ਿਪ ਐਕਟ ਨੂੰ ਸੇਧ ਦੇਣ ਵਾਲੇ ਸਿਧਾਂਤ*

- *ਸਾਰੇ ਬਾਲਗਾਂ ਨੂੰ ਇਸ ਤਰੀਕੇ ਨਾਲ ਰਹਿਣ ਦਾ ਹੱਕ ਹੈ ਜਿਵੇਂ ਉਹ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਮਦਦ, ਸਹਾਇਤਾ ਜਾਂ ਹਿਫਾਜ਼ਤ ਪ੍ਰਵਾਨ ਕਰਨ ਜਾਂ ਪ੍ਰਵਾਨ ਕਰਨ ਤੋਂ ਨਾਂਹ ਕਰਨ ਦਾ ਹੱਕ ਹੈ ਜੇ ਇਹ ਇਨ੍ਹਾਂ ਮਾਮਲਿਆਂ ਬਾਰੇ ਆਪਣੇ ਫੈਸਲੇ ਕਰਨ ਦੇ ਸਮਰੱਥ ਹਨ;*
- *ਸਾਰੇ ਬਾਲਗਾਂ ਨੂੰ ਸਭ ਤੋਂ ਜ਼ਿਆਦਾ ਅਸਰਦਾਰ, ਪਰ ਘੱਟ ਤੋਂ ਘੱਟ ਬੰਦਸ਼ਾਂ ਵਾਲੀ ਅਤੇ ਅਯੋਗ ਦਖਲ ਨਾ ਦੇਣ ਵਾਲੀ, ਮਦਦ, ਸਹਾਇਤਾ ਜਾਂ ਹਿਫਾਜ਼ਤ ਮਿਲਣੀ ਚਾਹੀਦੀ ਹੈ, ਜਦੋਂ ਉਹ ਆਪਣੇ ਆਪ ਦੀ ਜਾਂ ਆਪਣੇ ਵਿੱਤੀ ਮਾਮਲਿਆਂ ਦੀ ਸੰਭਾਲ ਕਰਨ ਦੇ ਅਸਮਰੱਥ ਹੁੰਦੇ ਹਨ;*
- *ਅਦਾਲਤ ਨੂੰ ਕਮੇਟੀ ਨਿਯੁਕਤ ਬਾਰੇ ਨਹੀਂ ਕਿਹਾ ਜਾਣਾ ਚਾਹੀਦਾ, ਅਤੇ ਨਾ ਹੀ ਨਿਯੁਕਤ ਕੀਤੀ ਜਾਣੀ ਚਾਹੀਦੀ ਹੈ, ਜੇ ਇਸ ਦੇ ਬਦਲ ਵਰਤ ਕੇ ਨਹੀਂ ਦੇਖੇ ਗਏ ਜਾਂ ਧਿਆਨ ਨਾਲ ਨਹੀਂ ਵਿਚਾਰੇ ਗਏ ਜਿਵੇਂ ਕਿ ਮਦਦ ਅਤੇ ਸਹਾਇਤਾ ਦਾ ਪ੍ਰਬੰਧ;*
- *ਜੇ ਉਲਟ ਤਰ੍ਹਾਂ ਨਹੀਂ ਦਿਖਾਇਆ ਗਿਆ ਤਾਂ ਹਰ ਬਾਲਗ ਨੂੰ ਆਪਣੀ ਨਿੱਜੀ ਸੰਭਾਲ, ਸਿਹਤ ਸੰਭਾਲ ਅਤੇ ਵਿੱਤੀ ਮਾਮਲਿਆਂ ਬਾਰੇ ਫੈਸਲੇ ਕਰਨ ਦੇ ਸਮਰੱਥ ਸਮਝੇ ਜਾਣ ਦਾ ਹੱਕ ਹੈ;*
- *ਕਿਸੇ ਬਾਲਗ ਦਾ ਦੂਜਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਇਹ ਫੈਸਲਾ ਕਰਨ ਦਾ ਆਧਾਰ ਨਹੀਂ ਹੈ ਕਿ ਉਹ ਫੈਸਲੇ ਕਰਨ ਦੇ ਅਸਮਰੱਥ ਹੈ।*

## ਸੰਭਵ ਨਤੀਜੇ ਕੀ ਹਨ?

**ਜਦੋਂ ਬਦਲਵੇਂ ਫੈਸਲੇ ਕਰਨ ਵਾਲਾ ਕੋਈ ਹੋਵੇ**

- ਜੇ ਬਦਲਵੇਂ ਫੈਸਲੇ ਕਰਨ ਵਾਲਾ ਆਪਣੇ ਕਾਨੂੰਨੀ ਫਰਜ਼ ਨਾ ਨਿਭਾ ਰਿਹਾ ਹੋਵੇ ਅਤੇ ਬਾਲਗ ਜਾਂ ਉਸ ਦੀ ਜਾਇਦਾਦ ਖਤਰੇ ਵਿਚ ਹੋਣ ਤਾਂ ਅਸੀਂ ਫਿਕਰਾਂ ਦਾ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ ਜਾਂ ਬਦਲਵੇਂ ਫੈਸਲੇ ਕਰਨ ਵਾਲੇ ਨੂੰ ਬਦਲਿਆ ਜਾ ਸਕਦਾ ਹੈ।

**ਜਦੋਂ ਸਿਹਤ ਅਤੇ ਸੇਫਟੀ ਦੇ ਫਿਕਰ ਹੋਣ**

- ਜੇ ਬਾਲਗ ਨੂੰ ਬੁਰੇ ਵਰਤਾਉ ਜਾਂ ਅਣਗਹਿਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ, ਅਤੇ ਉਹ ਆਪਣੇ ਆਪ ਮਦਦ ਲੈਣ ਦੇ ਯੋਗ ਨਾ ਹੋਵੇ ਤਾਂ ਪੀ ਜੀ ਟੀ ਨੂੰ ਨਿਸ਼ਚਿਤ ਕੀਤੀਆਂ ਹੋਈਆਂ ਏਜੰਸੀਆਂ ਨੂੰ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ।

**ਮਦਦ ਲਈ ਚੋਣਾਂ**

- ਬਾਲਗ ਦੀ ਮਦਦ ਲਈ ਅਸੀਂ ਮਦਦ ਕਰਨ ਵਾਲੇ ਕਮਿਉਨਟੀ ਦੇ ਵਸੀਲਿਆਂ ਬਾਰੇ ਜਾਣਕਾਰੀ ਦੇ ਸਕਦੇ ਹਾਂ;
- ਅਸੀਂ ਪਹਿਲਾਂ ਹੀ ਵਿਉਂਤਬੰਦੀ ਦੀਆਂ ਚੋਣਾਂ ਦਾ ਪਤਾ ਲਾਉਣ ਵਿਚ ਮਦਦ ਕਰ ਸਕਦੇ ਹਾਂ;
- ਕੋਈ ਭਰੋਸੇਯੋਗ ਵਿਅਕਤੀ ਬਾਲਗ ਦੇ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਅਧਿਕਾਰ ਲੈਣ ਬਾਰੇ ਕਦਮ ਚੁੱਕ ਸਕਦਾ ਹੈ; ਅਤੇ
- ਜੇ ਬਾਲਗ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੇ ਯੋਗ ਨਾ ਹੋਵੇ, ਅਤੇ ਮਦਦ ਕਰਨ ਲਈ ਕੋਈ ਹੋਰ ਵਿਅਕਤੀ ਨਾ ਹੋਵੇ ਤਾਂ ਪੀ ਜੀ ਟੀ ਬਾਲਗ ਦੇ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਅਧਿਕਾਰ ਲੈਣ ਬਾਰੇ ਕਦਮ ਚੁੱਕ ਸਕਦਾ ਹੈ।

ਜੇ ਪੀ ਜੀ ਟੀ ਨੂੰ ਕਮੇਟੀ ਔਫ ਇਸਟੇਟ (ਇਸਟੇਟ ਦੀ ਕਮੇਟੀ) ਨਿਯੁਕਤ ਕੀਤਾ ਜਾਂਦਾ ਹੈ ਤਾਂ ਅਸੀਂ ਬਾਲਗ ਦੇ ਪੈਸੇ ਧੇਲੇ ਦਾ ਪ੍ਰਬੰਧ ਚਲਾਉਣ ਲਈ ਜ਼ਿੰਮੇਵਾਰ ਹਾਂ। ਇਸ ਵਿਚ ਜਾਇਦਾਦ ਨੂੰ ਸੁਰੱਖਿਅਤ ਕਰਨਾ, ਬਿੱਲ ਦੇਣਾ ਅਤੇ ਹੋਰ ਚੀਜ਼ਾਂ ਸ਼ਾਮਲ ਹਨ। ਪੀ ਜੀ ਟੀ ਇਸ ਸਰਵਿਸ ਲਈ ਫੀਸ ਲੈਂਦੀ ਹੈ।

*ਪੀ ਜੀ ਟੀ ਦਿੱਤੀ ਗਈ ਸਾਰੀ ਜਾਣਕਾਰੀ ਦੀ ਭੇਤਦਾਰੀ ਅਤੇ ਸੁਰੱਖਿਆ ਕਾਇਮ ਰੱਖਣ ਲਈ ਵਚਨਬੱਧ ਹੈ, ਸਮੇਤ ਉਨ੍ਹਾਂ ਲੋਕਾਂ ਦੇ ਜਿਨ੍ਹਾਂ ਨੇ ਰਿਪੋਰਟ ਕੀਤੀ ਹੈ। ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ, ਇਸ ਦੀ ਵਰਤੋਂ ਕਰਨ ਅਤੇ ਇਸ ਨੂੰ ਦੱਸਣ ਲਈ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਅਤੇ ਬੀ ਸੀ ਦੇ ਹੋਰ ਕਾਨੂੰਨਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।*

## ਸਵਾਲ ਜਾਂ ਫਿਕਰ

ਜੇ ਤੁਹਾਡੇ ਮਨ ਵਿਚ ਪੜਤਾਲ ਜਾਂ ਅਸੈੱਸਮੈਂਟ ਦੇ ਕਾਰਜ ਬਾਰੇ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਕਿਰਪਾ ਕਰਕੇ ਸਾਡੇ ਨਾਲ ਸਿੱਧੇ ਅਗਲੇ ਸਫੇ ’ਤੇ ਦਿੱਤੀ ਜਾਣਕਾਰੀ ਰਾਹੀਂ ਜਾਂ mail@trustee.bc.ca’ਤੇ ਸੁਨੇਹਾ ਭੇਜ ਕੇ ਸੰਪਰਕ ਕਰੋ।

ਜੇ ਅਸੈੱਸਮੈਂਟ ਦੀ ਮੰਗ ਕੀਤੀ ਜਾਂਦੀ ਹੈ ਜਾਂ ਜੇ ਪੀ ਜੀ ਟੀ ਨੂੰ ਤੁਹਾਡੀ ਇਸਟੇਟ ਦੀ ਕਮੇਟੀ ਨਿਯੁਕਤ ਕੀਤਾ ਜਾਂਦਾ ਹੈ ਤਾਂ ਤੁਸੀਂ ਆਪਣੇ ਹੱਕਾਂ ਬਾਰੇ ਕਾਨੂੰਨੀ ਸਲਾਹ ਲੈ ਸਕਦੇ ਹੋ। ਪੀ ਜੀ ਟੀ ਦਾ ਸਟਾਫ ਕਾਨੂੰਨੀ ਵਸੀਲਿਆਂ ਬਾਰੇ ਜਾਣਕਾਰੀ ਦੇ ਸਕਦਾ ਹੈ। ਜੇ ਪੀ ਜੀ ਟੀ ਦੀ ਪੜਤਾਲ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੋਵੇ ਤਾਂ ਤੁਸੀਂ ਸ਼ਿਕਾਇਤ ਕਿਵੇਂ ਕਰਨੀ ਹੈ ਬਾਰੇ ਜ਼ਿਆਦਾ ਜਾਣਕਾਰੀ ਲਈ ਇਹ ਤੱਥ ਸ਼ੀਟ ਦੇਖ ਸਕਦੇ ਹੋ: **ਰਿਸਪੌਂਸ ਟੂ ਕਲਾਇੰਟ ਕਮਪਲੇਂਟਸ**। ਤੱਥ ਸ਼ੀਟ ਸਾਡੇ ਵੈੱਬਸਾਈਟ www.trustee.bc.ca/Pages/feedback.aspx’ਤੇ ਵੀ ਉਪਲਬਧ ਹੈ। ਜੇ ਤੁਸੀਂ ਆਪਣੀ ਸ਼ਿਕਾਇਤ ਬਾਰੇ ਪੀ ਜੀ ਟੀ ਦੇ ਜਵਾਬ ਤੋਂ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਆਪਣੇ ਸਰੋਕਾਰ ਓਮਬਡਜ਼ਪਰਸਨ ਨੂੰ 1.800.567.3247 ’ਤੇ ਫੋਨ ਕਰਕੇ ਜਾਂ www.bcombudsperson.ca ’ਤੇ ਜਾ ਕੇ ਵੀ ਦੱਸ ਸਕਦੇ ਹੋ।

ਇਹ ਲਿਖਤਾਂ ਪੀ ਜੀ ਟੀ ਦੇ ਵੈੱਬਸਾਈਟ (www.trustee.bc.ca) ’ਤੇ ਜਾਂ ਮੰਗਣ ’ਤੇ ਉਪਲਬਧ ਹਨ।

**ਜਦੋਂ ਪੀ ਜੀ ਟੀ ਕਮੇਟੀ ਹੁੰਦੀ ਹੈ** *(When the PGT is Committee)*

**ਤੁਸੀਂ ਕਿਵੇਂ ਮਦਦ ਕਰ ਸਕਦੇ ਹੋ** *(How You Can Help)*

**ਇਹ ਤੁਹਾਡੀ ਚੋਣ ਹੈ – ਨਿੱਜੀ ਪਲੈਨਿੰਗ ਲਈ ਸਾਧਨ** *(It's Your Choice-Personal Planning Tools)*

**ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ ਲਈ ਰੈਫਰਲ ਫਾਰਮ** *(Assessment and Investigation Services Referral Form)*

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

## ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ

700–808 West Hastings Street
Vancouver, BC V6C 3L3

| | |
|---|---|
| ਲੋਕਲ ਫੋਨ | **604 660 4507** |
| ਟੋਲ ਫ੍ਰੀ ਫੋਨ | **1 877 511 4111** |
| ਲੋਕਲ ਫੈਕਸ | **604 660 9479** |
| ਟੋਲ ਫ੍ਰੀ ਫੈਕਸ | **1 855 660 9479** |
| ਈਮੇਲ | **AIS-PDS@trustee.bc.ca** |

## ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ਵੈਨਕੂਵਰ | **604 660 2421** |
| ਵਿਕਟੋਰੀਆ | **250 387 6121** |
| ਬੀ ਸੀ ਵਿਚ ਹੋਰ ਇਲਾਕੇ | **1 800 663 7867** |
| ਈਮੇਲ | **mail@trustee.bc.ca** |
| ਵੈੱਬਸਾਈਟ | **www.trustee.bc.ca** |

*ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ।*

**ਜ਼ਰੂਰੀ ਨੋਟ:** ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ ਬਾਰੇ ਇਹ ਜਾਣਕਾਰੀ ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਵਲੋਂ ਦਿੱਤੀ ਜਾਂਦੀ ਹੈ। ਇਹ ਆਮ ਜਾਣਕਾਰੀ ਹੈ ਅਤੇ ਇਹ ਕਾਨੂੰਨੀ ਸਲਾਹ ਨਹੀਂ ਹੈ ਅਤੇ ਨਾ ਹੀ ਕਾਨੂੰਨੀ ਸਲਾਹ ਦਾ ਬਦਲ ਹੈ। ਜੇ ਤੁਹਾਨੂੰ ਇਨ੍ਹਾਂ ਕਾਨੂੰਨਾਂ ਬਾਰੇ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਸੇ ਵਕੀਲ ਜਾਂ ਨੋਟਰੀ ਨਾਲ ਜਾਂ ਆਪਣੇ ਕਮਿਊਨਟੀ ਲਾਅ ਆਫਿਸ ਨਾਲ ਸੰਪਰਕ ਕਰੋ।